بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.03.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਮਾਰਚ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਵਰਨਣ ਕਰਾਂਗਾ ਉਹਨਾਂ ਵਿੱਚੋਂ ਪਹਿਲਾਂ ਵਰਨਣ ਹਜ਼ਰਤ ਤਲੈਬ ਬਿਨ ਉਮੈਰ ਦਾ ਹੈ । ਇਹਨਾ ਦੀ ਗੋਤ ਅਬੂ ਆਦੀ ਸੀ । ਇਹਨਾ ਦੀ ਮਾਤਾ ਦਾ ਨਾਂ ਉਰਵਾਹ ਸੀ ਜੋ ਅਬਦੁਲ ਮੁਤਲਿਬ ਦੀ ਪਤੱਰੀ ਸਨ ਜੋ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਭੂਆ ਸਨ । ਆਪ ਅਰੰਭਕ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚ ਸ਼ਾਮਲ ਸਨ । ਇਸਲਾਮ ਕੁਬੂਲ ਕਰਨ ਦੇ ਬਾਦ ਆਪ ਅਰਣੀ ਮਾਂ ਕੋਲ ਗਏ ਅਤੇ ਉਹਨਾਂ ਨੂੰ ਕਿਹਾ ਕਿ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਧਾਰਨ ਕਰ ਲਈ ਹੈ ਅਤੇ ਸਾਰਿਆਂ ਜਾਹਾਨਾ ਦੇ ਰੱਬ ਉਪੱਰ ਇਮਾਨ ਲੈ ਆਇਆ ਹਾਂ । ਇਸ'ਤੇ ਆਪਦੀ ਮਾਤਾ ਜੀ ਕਹਿਣ ਲੱਗੀ ਕਿ ਤੁਹਾਡੀ ਮਦਦ ਤੇ ਸਹਿਯੋਗ ਦੇ ਬਹੁਤੇ ਹਕਦਾਰ ਤੁਹਾਡੇ ਮਾਮਾ ਜੀ ਦੇ ਪੁਤੱਰ ਹੀ ਹਨ, ਅਰਥਾਤ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ । ਫਿਰ ਆਪ ਕਹਿਣ ਲੱਗੀਂ ਕਿ ਰੱਬ ਦੀ ਸਹੁੰ ! ਜੇਕਰ ਅਸੀਂ ਇਸਤਰੀਆਂ ਵਿੱਚ ਵੀ ਪੁਰੁਸ਼ਾਂ ਜਿਹੀ ਸ਼ਕਤੀ ਹੁੰਦੀ ਤਾਂ ਅਸੀਂ ਉਹਨਾਂ ਦੀ ਪੈਰ੍ਹਵੀ ਜ਼ਰੂਰ ਕਰਦੀਆਂ ਅਤੇ ਉਹਨਾਂ ਦਾ ਪੱਖ ਪੂਰਦੀਆਂ ਅਤੇ ਪ੍ਰਤੀਰੱਖਿਆ ਕਰਦੀਆਂ । ਹਜ਼ਰਤ ਤਲੈਬ ਨੇ ਕਿਹਾ ਕਿ ਫਿਰ ਆਪ ਇਸਲਾਮ ਕੁਬੂਲ ਕਰਕੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਕਿਉਂ ਨਹੀਂ ਕਰ ਲੈਂਦੀ, ਆਪਦੇ ਭਰਾ ਹਮਜ਼ਾ ਵੀ ਤਾਂ ਮੁਸਲਮਾਨ ਹੋ ਚੁਕੇ ਹਨ । ਉਹਨਾਂ ਨੇ ਕਿਹਾ ਕਿ ਮੈਂ ਆਪਣੀਆਂ ਭੈਣਾ ਦਾ ਰਵੱਈਆ ਦੇਖ ਲਵਾਂ ਫਿਰ ਮੈਂ ਵੀ ਸ਼ਾਮਲ ਹੋ ਜਾਵਾਂ ਗੀ । ਇਸ'ਤੇ ਹਜ਼ਰਤ ਤਲੈਬ ਨੇ ਕਿਹਾ ਮੈਂ ਰੱਬ ਦਾ ਵਾਸਤਾ ਦੇਕੇ ਆਪ ਨੂੰ ਕਹਿੰਦਾ ਹਾਂ ਕਿ ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਜਾਣ ਅਤੇ ਉਹਨਾਂ ਨੂੰ

ਸਲਾਮ ਆਖਣ ਅਤੇ ਉਹਨਾ ਦੀ ਤਸਦੀਕ ਕਰਨ ਅਤੇ ਗਵਾਹੀ ਦੇਣ ਕਿ ਰੱਬ ਤੋਂ ਬਿਨ ਕੋਈ ਇਬਾਦਤ ਯੋਗ ਨਹੀਂ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰੱਬ ਦੇ ਰਸੂਲ ਹਨ । ਇਸ'ਤੇ ਆਪ ਦੀ ਮਾਂ ਕਹਿਣ ਲੱਗੀ ਕਿ ਮੈਂ ਵੀ ਗਵਾਹੀ ਦਿੰਦੀ ਹਾਂ ਕਿ ਰੱਬ ਤੋਂ ਬਿਨਾ ਕੋਈ ਇਬਾਦਤ ਯੋਗ ਨਹੀਂ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਲੱਾਹ ਦੇ ਰਸੂਲ ਹਨ । ਇਸ ਦੇ ਬਾਦ ਉਹ ਆਪ ਆਪਣੀ ਜ਼ੁਬਾਨ ਨਾਲ ਵੀ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਪ੍ਰਤੀਰੱਖਿਆ ਕੀਤਾ ਕਰਦੀ ਸਨ ਅਤੇ ਆਪਣੇ ਪੁਤੱਰ ਨੂੰ ਵੀ ਮਦਦ ਅਤੇ ਅਗਿਆਕਾਰੀ ਲਈ ਪ੍ਰੇਰਿਆ ਕਰਦੀ ਸਨ ।

ਇਹਨਾ ਬਾਰੇ ਆਉਂਦਾ ਹੈ ਕਿ ਆਪ ਉਹ ਪਹਿਲੇ ਵਿਅਕਤੀ ਸਨ ਜਿੰਨ੍ਹਾ ਨੇ ਇਸਲਾਮ ਵਿੱਚ ਸਭ ਤੋਂ ਪਹਿਲਾਂ ਕਿਸੇ ਮੁਸ਼ਰਿਕ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਗੁਸਤਾਖ਼ੀ ਦੇ ਸਬਬ ਜ਼ਖ਼ਮੀ ਕੀਤਾ ਸੀ । ਇਸ ਦਾ ਵਿਸਥਾਰ ਇਉਂ ਹੈ ਕਿ ਇਕ ਵਾਰ ਔਫ਼ ਬਿਨ ਸਬਰਹ ਸਹਮੀ, ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਬੁਰਾ ਭਲਾ ਕਹਿ ਰਿਹਾ ਸੀ। ਹਜ਼ਰਤ ਤਲੈਬ ਨੇ ਊਠ ਦੇ ਜਬੜੇ ਦੀ ਹੱਡੀ ਚੁੱਕੀ ਅਤੇ ਉਸਨੂੰ ਮਾਰੀ ਤੇ ਜ਼ਖ਼ਮੀ ਕਰ ਦਿਤੱਾ । ਕਿਸੇ ਨੇ ਉਹਨਾ ਦੀ ਮਾਂ ਉਰਵਾਹ ਨੂੰ ਸ਼ਿਕਾਇਤ ਕੀਤੀ ਕਿ ਆਪ ਦੇਖਦੀ ਨਹੀਂ ਕਿ ਆਪ ਦੇ ਪੁਤੱਰ ਨੇ ਕੀ ਕੀਤਾ ਹੈ? ਤਾਂ ਉਹਨਾਂ ਨੇ ਉਤੱਰ ਦਿਤੱਾ ਕਿ إِنَّ طَلِيْبًا نَصَرَ ابْنَ خَالَهُ وَسَعَاهُ فِيْ دَمِهٖ وَمَالِهٖ ਤਲੈਬ ਨੇ ਆਪਣੇ ਮਾਮਾ ਦੇ ਪੁਤੱਰ ਦੀ ਮਦਦ ਕੀਤੀ ਹੈ, ਉਸ ਨੇ ਆਪ ਖ਼ੂਨ ਅਤੇ ਆਪਣੇ ਮਾਲ ਰਾਹੀਂ ਉਸਦੀ ਗ਼ਮਖ਼ਵਾਰੀ ਕੀਤੀ । ਕਈ ਰਿਵਾਇਤਾਂ ਅਨੁਸਾਰ ਉਹ ਵਿਅਕਤੀ ਜਿਸ ਨੂੰ ਤਲੈਬ ਨੇ ਜ਼ਖ਼ਮੀ ਕੀਤਾ ਸੀ ਉਹ ਅਬੂ ਲਹਬ ਜਾਂ ਅਬੂ ਜਹਲ ਸੀ । ਇਕ ਰਿਵਾਇਤ ਅਨੁਸਾਰ ਜੱਦ ਆਪਦੇ ਹਮਲਾ ਕਰਨ ਦੀ ਸ਼ਿਕਾਇਤ ਆਪ ਦੀ ਮਾਂ ਨਾਲ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਤਲੈਬ ਦੇ ਜੀਵਨ ਦਾ ਸਭ ਤੋਂ ਚੰਗਾ ਦਿਨ ਉਹੋ ਹੈ ਜਿਸ ਦਿਨ ਉਹ ਆਪਣੇ ਮਾਮੇ ਦੇ ਪੁਤੱਰ ਅਰਥਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪ੍ਰਤੀਰੱਖਿਆ ਕਰੇ ਜੋ ਰੱਬ ਵੱਲੋਂ ਸਚੱਾਈ ਨਾਲ ਆਇਆ ਹੈ ।

ਹਜ਼ਰਤ ਤਲੈਬ ਹਬਸ਼ੇ ਵੱਲ ਹਿਜਰਤ ਕਰਨ ਵਾਲੇ ਮੁਸਲਮਾਨਾ ਵਿੱਚ ਸ਼ਾਮਲ ਸਨ, ਪਰ ਜੱਦ ਹਬਸ਼ੇ ਵਿੱਚ ਕੁਰੈਸ਼ ਦੇ ਮੁਸਲਮਾਨ ਹੋਣ ਦੀ ਅਫ਼ਵਾਹ ਪਹੁੰਚੀ ਤਾਂ ਆਪ ਮੱਕੇ ਵਾਪਸ ਪਰਤ ਆਏ ।

ਮਦੀਨੇ ਹਿਜਰਤ ਦੇ ਬਾਦ ਆਪ ਨੇ ਹਜ਼ਰਤ ਅਬਦੁਲੱਾਹ ਬਿਨ ਸਲਮਾ ਅਜਲਾਨੀ ਦੇ ਘਰ ਪੜਾਅ ਕੀਤਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਤਲੈਬ ਅਤੇ ਹਜ਼ਰਤ ਮੁੰਜ਼ਰ ਬਿਨ ਉਮਰੋ ਵਿਚਕਾਰ ਭਾਈਬੰਦੀ ਕਰਾਈ । ਆਪ ਨੇ ਬਦਰ ਦੀ ਜੰਗ ਵਿੱਚ ਭਾਗ ਲਿਆ । ਆਪ ਦੀ ਗਿਣਤੀ ਵੱਡਿਆਂ ਸਹਾਬਾ ਵਿੱਚ ਹੁੰਦੀ ਹੈ । ਅਜਨਾਦੈਨ ਦੀ ਜੰਗ ਸਮੇਂ 35 ਸਾਲ ਦੀ ਉਮਰ ਵਿੱਚ ਆਪਨੇ ਸ਼ਹੀਦਾ ਦਾ ਜਾਮ ਪੀਤਾ ।

ਅਗਲੇ ਸਹਾਬੀ ਜਿੰਨ੍ਹਾ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਸਾਲਮ ਮੌਲਾ ਬਿਨ ਅਬੀ ਹੁਜ਼ੈਫ਼ਾ ਹੈ । ਇਹਨਾ ਦੀ ਗੋਤ ਅਬੂ ਅਬਦੁਲੱਾਹ ਸੀ ਅਤੇ ਪਿਤਾ ਦਾ ਨਾਂ ਮਿਅਕਲ ਸੀ । ਇਹਨਾ ਦੀ ਗਿਣਤੀ ਵੱਡੇ ਸਹਾਬਾ ਵਿੱਚ ਹੁੰਦੀ ਹੈ । ਆਪ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਤੋਂ ਪਹਿਲਾਂ ਮਦੀਨੇ ਵੱਲ ਹਿਜਰਤ ਕੀਤੀ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਸਾਲਮ ਅਤੇ ਮਆਜ਼ ਬਿਨ ਮਾਅਸ ਵਿਚਕਾਰ ਭਾਈਬੰਦੀ ਦਾ ਸੰਬੰਧ ਸਥਾਪਨ ਕੀਤਾ ।

ਮਦੀਨੇ ਹਿਜਰਤ ਕਰਨ ਦੇ ਬਾਦ ਆਪ ਨੇ ਹਜ਼ਰਤ ਇਬਾਦ ਬਿਨ ਬਸ਼ਰ ਦੇ ਘਰ ਪੜਾਅ ਕੀਤਾ । ਹਜ਼ਰਤ ਉਮਰ ਤੋਂ ਰਿਵਾਇਤ ਹੈ ਕਿ ਜੱਦ ਪਹਿਲੇ ਮੁਹਾਜਰ ਮੱਕੇ ਤੋਂ ਮਦੀਨੇ ਆਏ ਤਾਂ ਉਹਨਾਂ ਨੇ ਕਬਾ ਦੇ ਨੇੜੇ ਅਸਬਾ ਸਥਾਨ

ਉਪੱਰ ਪੜਾਅ ਕੀਤਾ । ਹਜ਼ਰਤ ਸਾਲਮ ਉਹਨਾ ਦੀ ਇਮਾਮਤ ਕਰਵਾਇਆ ਕਰਦੇ ਸਨ ਕਿਉਂਕਿ ਉਹ ਇਹਨਾਂ ਵਿੱਚੋਂ ਸਭ ਤੋਂ ਵੱਧ ਕੁਰਆਨ ਕਰੀਮ ਜਾਣਦੇ ਸਨ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਵਿਦਿਆ ਤੇ ਮਿਹਰ ਵਿੱਚ ਵੀ ਕਈ ਅਜ਼ਾਦ ਕੀਤੇ ਗ਼ੁਲਾਮਾਂ ਨੇ ਬਹੁਤ ਉਚੱਾ ਮਰਤਬਾ ਹਾਸਲ ਕੀਤਾ । ਸੋ, ਸਾਲਮ ਬਿਨ ਮਿਅਕਲ ਮੌਲਾ ਅਬੀ ਹੁਜ਼ੈਫ਼ਾ ਵਿਸ਼ੇਸ਼ ਵਿਦਵਾਨ ਸਹਾਬਾ ਵਿੱਚ ਜਾਣੇ ਜਾਂਦੇ ਸਨ ਅਤੇ ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਨੇ ਕੁਰਆਨ ਕਰੀਮ ਦੀ ਸਿੱਖਿਆ ਲਈ ਜਿੰਨ੍ਹਾ ਚਾਰ ਸਹਾਬਾ ਨੂੰ ਨਿਯੁਕਤ ਫ਼ਰਮਾਇਆ ਸੀ ਉਹਨਾਂ ਵਿੱਚ ਇਕ ਸਾਲਮ ਵੀ ਸਨ ।

ਇਕ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹਨਾ ਚਾਰ ਸਹਾਬਾ ਤੋਂ ਕੁਰਆਨ ਕਰੀਮ ਦੀ ਸਿੱਖਿਆ ਹਾਸਲ ਕਰੋ । ਹਜ਼ਰਤ ਅਬਦੁਲੱਾਹ ਬਿਨ ਮਸਊਦ, ਹਜ਼ਰਤ ਸਾਲਮ ਮੌਲਾ ਅਬੂ ਹੁਜ਼ੈਫ਼ਾ, ਹਜ਼ਰਤ ਅਬੀ ਬਿਨ ਕਾਅਬ ਅਤੇ ਹਜ਼ਰਤ ਮਆਜ਼ ਬਿਨ ਜਬਲ ।

ਇਕ ਰਿਵਾਇਤ ਵਿੱਚ ਹੈ ਕਿ ਇਕ ਵਾਰ ਹਜ਼ਰਤ ਆਇਸ਼ਾ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਕੋਲ ਆਉਣ ਵਿੱਚ ਕੁਝ ਦੇਰ ਹੋ ਗਈ । ਆਂਹਜ਼ੂਰ ਸਲਲੱਾਹੁ ਅਲੈਹਿ ਵਨਲਮ ਨੇ ਦੇਰੀ ਦਾ ਸਬਬ ਪੁੱਛਿਆ ਤਾਂ ਕਹਿਣ ਲੱਗੀ ਕਿ ਇਕ ਕਾਰੀ ਅਤਿਅੰਤ ਚੰਗੀ ਆਵਾਜ਼ ਵਿੱਚ ਕੁਰਆਨ ਕਰੀਮ ਦੀ ਤਲਾਵਤ ਕਰ ਰਿਹਾ ਹੈ, ਉਸ ਦੀ ਤਲਾਵਤ ਸੁਣਨ ਲੱਗ ਗਈ ਸੀ ਜਿਸ ਕਰਕੇ ਦੇਰ ਹੋ ਗਈ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਚਾਦਰ ਓੜ੍ਹੀ ਅਤੇ ਬਾਹਰ ਨਿਕਲਕੇ ਦੇਖਿਆ ਤਾਂ ਹਜ਼ਰਤ ਸਾਲਮ ਤਲਾਵਤ ਕਰ ਰਹੇ ਸਨ । ਇਸ'ਤੇ ਆਪ ਨੇ ਫ਼ਰਮਾਇਆ ਸ਼ੁਕਰ ਹੈ ਰੱਬ ਦਾ ਜਿਸਨੇ ਤੁਹਾਡੇ ਜਿਹੇ ਕਾਰੀ ਨੂੰ ਮੇਰੀ ਉਮੱਤ ਵਿੱਚ ਬਣਾਇਆ ।

ਹਜ਼ਰਤ ਕਤਾਦਹ ਤੋਂ ਰਿਵਾਇਤ ਹੈ ਕਿ ਉਹਦ ਦੀ ਜੰਗ ਦੇ ਦਿਨ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਜ਼ਖ਼ਮੀ ਹੋ ਗਏ ਸਨ । ਹਜ਼ਰਤ ਸਾਲਮ ਆਪ ਸਲਲੱਾਹੁ ਅਲੈਹਿ ਵਸਲਮ ਦੇ ਜ਼ਖ਼ਮ ਧੋ ਰਹੇ ਸਨ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਫ਼ਰਮਾ ਰਹੇ ਸਨ ਕਿ ਉਹ ਕੌਮ ਕਿਵੇਂ ਸਫ਼ਲਤਾ ਪਾ ਸਕਦੀ ਹੈ ਜਿਸਨੇ ਆਪਣੇ ਨਬੀ ਨਾਲ ਅਜਿਹਾ ਸੁਲੂਕ ਕੀਤਾ । ਹਜ਼ਰਤ ਸਾਲਮ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਯਾਮਤ ਦੇ ਦਿਨ ਇਕ ਅਜਿਹੀ ਕੌਮ ਲਿਆਈ ਜਾਏਗੀ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਬਹੁਤ ਗ਼ੌਰ ਨਾਲ ਸੁਨਣ ਵਾਲੀ ਗੱਲ ਹੈ ਕਿ ਕਯਾਮਤ ਦੇ ਦਿਨ ਇਕ ਅਜਿਹੀ ਕੌਮ ਲਿਆਈ ਜਾਏਗੀ ਜਿੰਨ੍ਹਾ ਦੀਆਂ ਨੇਕੀਆਂ ਤਹਾਮਾ ਦੇ ਪਹਾੜਾਂ ਵਾਂਗ ਹੋਣਗੀਆਂ, ਪਰ ਜੱਦ ਉਹਨਾ ਨੂੰ ਪੇਸ਼ ਕੀਤਾ ਜਾਏਗਾ ਤਾਂ ਅਲੱਾਹ ਉਹਨਾ ਦੇ ਸਾਰੇ ਕਰਮ ਨਸ਼ਟ ਕਰ ਦੇਵੇਗਾ ਅਤੇ ਉਹਨਾ ਨੂੰ ਨਰਕ ਵਿੱਚ ਪਾ ਦੇਵੇਗਾ । ਇਸ'ਤੇ ਹਜ਼ਰਤ ਸਾਲਮ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਮੇਰੇ ਮਾਂ ਬਾਪ ਆਪ ਉਪੱਰ ਕੁਰਬਾਨ, ਸਾਨੂੰ ਅਜਿਹੇ ਲੋਕਾਂ ਦੀ ਨਿਸ਼ਾਨਦਹੀ (ਚਿੰਨ੍ਹਿਤ) ਕਰ ਦੇਣ ਤਾਂ ਜੋ ਅਸੀਂ ਪਛਾਣ ਸਕੀਏ । ਸਹੁੰ ਹੈ ਉਸ ਜ਼ਾਤ ਦੀ ਜਿਸ ਨੇ ਆਪ ਨੂੰ ਸਚੱਾਈ ਨਾਲ ਪ੍ਰਕਟ ਕੀਤਾ ਹੈ ਮੈਂ ਆਪਣੇ ਬਾਰੇ ਡਰਦਾ ਹਾਂ ਕਿ ਕਿਤੇ ਮੈਂ ਵੀ ਉਹਨਾ ਵਿੱਚ ਸ਼ਾਮਲ ਨ ਹੋ ਜਾਵਾਂ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਜਿਹੇ ਲੋਕ ਹੋਣਗੇ ਜੋ ਰੋਜ਼ੇ ਰਖੱਦੇ ਹੋਣਗੇ, ਨਮਾਜ਼ਾਂ ਪੜ੍ਹਦੇ ਹੋਣਗੇ ਅਤੇ ਰਾਤ ਨੂੰ ਬਹੁਤ ਥੋੜਾ ਸੌਂਦੇ ਹੋਣਗੇ, ਨਫ਼ਲ ਵੀ ਪੜ੍ਹਦੇ ਹੋਣਗੇ ਪਰ ਜੱਦ ਉਹਨਾ ਸਾਹਮਣੇ ਹਰਾਮ ਪੇਸ਼ ਕੀਤਾ ਜਾਏਗਾ ਉਹ ਉਸ'ਤੇ ਟੁਟੱਕੇ ਪੈਣਗੇ ਅਰਥਾਤ ਸੰਸਾਰਕ ਲੋਭ ਵਿੱਚ ਪੈ ਜਾਣਗੇ ਅਤੇ ਇਹ ਨਹੀਂ ਦੇਖਣਗੇ ਕਿ ਹਰਾਮ ਕੀ ਹੈ ਹਲਾਲ ਕੀ ਹੈ । ਇਸ ਦੇ ਸਬਬ ਰੱਬ ਉਹਨਾ ਦੇ ਕਰਮ ਨਸ਼ਟ ਕਰ ਦੇਵੇਗਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸੋ, ਇਹ

ਇਕ ਨਿਰੰਤਰ ਸੋਚਣ ਵਾਲਾ ਅਤੇ ਬਹੁਤ ਖ਼ੌਫ਼ ਦਾ ਸਥਾਨ ਹੈ । ਅਲੱਾਹ ਤਆਲਾ ਹਰ ਇਕ ਨੂੰ ਹਮੇਸ਼ਾ ਆਪਣਾ ਜਾਇਜ਼ਾ ਲੈਂਣ ਦੀ ਤੌਫ਼ੀਕ ਪ੍ਰਦਾਨ ਕਰਦਾ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਬਦੁਲੱਾਹ ਬਿਨ ਉਮਰ ਦੇ ਪੁਤੱਰਾਂ ਦਾ ਨਾਂ ਸਾਲਮ, ਵਾਕਦ ਅਤੇ ਅਬਦੁਲੱਾਹ ਸੀ, ਜੋ ਉਹਨਾ ਨੇ ਕਈ ਵੱਡੇ ਸਹਾਬਾ ਕਰਾਮ ਦੇ ਨਾਂਵਾਂ'ਤੇ ਰੱਖੇ ਸਨ । ਇਹਨਾ ਵਿੱਚ ਇਕ ਨਾ ਨਾਂ ਸਾਲਮ ਸੀ ਜੋ ਸਾਲਮ ਮੌਲਾ ਅਬੂ ਹੁਜ਼ੈਫ਼ਾ ਦੇ ਨਾਂ'ਤੇ ਰੱਖਿਆ ਗਿਆ । ਹਜ਼ਰਤ ਸਈਦ ਬਿਨ ਅਲਮੁਸੈਬ ਬਿਆਨ ਕਰਦੇ ਹਨ ਕਿ ਮੈਂਥੋਂ ਹਜ਼ਰਤ ਅਬਦੁਲੱਾਹ ਬਿਨ ਉਮਰ ਦੇ ਫ਼ਰਮਾਇਆ ਕਿ ਕੀ ਤੁਸੀਂ ਜਾਣਦੇ ਹੋ, ਮੈਂ ਆਪਣੇ ਪੁਤੱਰ ਦਾ ਨਾਂ ਸਾਲਮ ਕਿਉਂ ਰੱਖਿਆ ਹੈ ? ਮੈਂ ਅਰਜ਼ ਕੀਤੀ ਕਿ ਮੈਂ ਨਹੀਂ ਜਾਣਦਾ । ਇਸ'ਤੇ ਫ਼ਾਮਾਉਣ ਲੱਗੇ ਕਿ ਮੈਂ ਆਪਣੇ ਪੁਤੱਰ ਦਾ ਨਾਂ ਹਜ਼ਰਤ ਸਾਲਮ ਮੌਲਾ ਅਬੂ ਹੁਜ਼ੈਫ਼ਾ ਦੇ ਨਾਂ'ਤੇ ਸਾਲਮ ਰੱਖਿਆ ਹੈ । ਫਿਰ ਕਹਿਣ ਲੱਗੇ ਕਿ ਕੀਤ ਤੁਸੀਂ ਜਾਣਦੇ ਹੋ ਕਿ ਮੈਂ ਆਪਣੇ ਪੁਤੱਰ ਦਾ ਨਾਂ ਵਾਕਦ ਕਿਉਂ ਰੱਖਿਆ ਹੈ, ਮੈਂ ਕਿਹਾ ਨਹੀਂ ਨਹੀਂ ਮੈਂ ਨਹੀਂ ਜਾਣਦਾ । ਤਾਂ ਕਹਿਣ ਲੱਗੇ ਕਿ ਹਜ਼ਰਤ ਵਾਕਦ ਬਿਨ ਅਬਦੁਲੱਾਹ ਯਰਬੂਈ ਦੇ ਨਾਂ'ਤੇ ਰੱਖਿਆ ਹੈ । ਫਿਰ ਪੁੱਛਿਆ ਕਿ ਕੀ ਤੁਸੀਂ ਜਾਣਦੇ ਹੋ ਕਿ ਮੈਂ ਆਪਣੇ ਪੁਤੱਰ ਦਾ ਨਾਂ ਅਬਦੁਲੱਾਹ ਕਿਉਂ ਰੱਖਿਆ ਹੈ । ਜੱਦ ਮੈਂ ਕਿਹਾ ਕਿ ਨਹੀਂ ਜਾਣਦਾ ਤਾਂ ਕਹਿਣ ਲੱਗੇ ਕਿ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੇ ਨਾਂ'ਤੇ ਅਬਦੁਲੱਾਹ ਰੱਖਿਆ ਹੈ ।

ਹਜ਼ਰਤ ਅਬਦੁਲੱਾਹ ਬਿਨ ਉਮਰੋ ਤੋਂ ਰਿਵਾਇਤ ਹੈ ਕਿ ਇਕ ਜੰਗ ਵਿੱਚ ਅਸੀਂ ਰਸੂਲੁਲਹ ਸਲਲੱਾਹੁ ਆਲੈਹਿ ਵਸਲਮ ਦੇ ਨਾਲ ਸਨ । ਜੰਗ ਦੀ ਤੀਬਰਤਾ ਕਰਕੇ ਕੁਝ ਲੋਕ ਘਬਰਾ ਗਏ ਸਨ । ਮੈਂ ਆਪਣਾ ਹੱਥਿਆਰ ਲੈਕੇ ਨਿਕਲਿਆ ਤਾਂ ਮੇਰੀ ਨਜ਼ਰ ਹਜ਼ਰਤ ਸਾਲਮ ਉਪੱਰ ਪਈ । ਉਹਨਾ ਕੋਲ ਵੀ ਕੁਝ ਹੱਥਿਆਰ ਸਨ । ਚਿਹਰੇ ਉਪੱਰ ਰੁਹਬ ਤੇ ਸ਼ਾਂਤੀ ਸੀ ਕੋਈ ਘਬਰਾਹਟ ਨਹੀਂ ਸੀ ਅਤੇ ਉਹ ਅੱਗੇ ਵੱਧ ਰਹੇ ਸਨ ਮੈਂ ਵੀ ਆਪਦੇ ਪਿੱਛੇ ਚਲ ਪਿਆ । ਇੱਥੋਂ ਤੱਕ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਪਹੁੰਚ ਗਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਰਾਜ਼ਗੀ ਦੀ ਹਾਲਤ ਵਿੱਚ ਨਿਕਲੇ ਅਤੇ ਫ਼ਰਮਾਉਣ ਲੱਗੇ ਕਿ ਲੋਕੋ ਇਹ ਕਿਹੋ ਜਿਹੀ ਘਬਰਾਹਟ ਅਤੇ ਕਿਹੋ ਜਿਹਾ ਖ਼ੌਫ਼ ਹੈ ? ਕੀ ਤੁਸੀਂ ਇਸ ਗੱਲ ਤੋਂ ਡਰ ਗਏ ਕਿ ਜਿਹੋ ਜਿਹੀ ਹਿਮੱਤ ਇਹਨਾ ਦੋਹਾਂ ਮੋਮਨਾ ਨੇ ਦਿਖਾਈ ਤੁਸੀਂ ਵੀ ਦਿਖਾਓ ।

ਇਬ੍ਰਾਹੀਮ ਬਿਨ ਹੰਦਲਾ ਆਪਣੇ ਪਿਤਾ ਤੋਂ ਰਿਵਾਇਤ ਹਨ ਕਿ ਜੰਗੇ ਯਮਾਮਾ ਦੇ ਦਿਨ ਹਜ਼ਰਤ ਸਾਲਮ ਨੂੰ ਕਿਹਾ ਗਿਆ ਕਿ ਆਪ ਝੰਡੇ ਦੀ ਸੁਰੱਖਿਆ ਕਰਨ ਜੱਦਕਿ ਕਈਆਂ ਨੇ ਕਿਹਾ ਕਿ ਸਾਨੂੰ ਆਪਦੀ ਜਾਨ ਦਾ ਡਰ ਹੈ ਇਸ ਲਈ ਅਸੀਂ ਆਪ ਤੋਂ ਬਿਨਾ ਕਿਸੇ ਹੋਰ ਦੇ ਸੁਪੁਰਦ ਝੰਡਾ ਕਰਦੇ ਹਾਂ । ਇਸ'ਤੇ ਹਜ਼ਰਤ ਸਾਲਮ ਨੇ ਕਿਹਾ ਕਿ ਮੈਂਨੂੰ ਤਾਂ ਬਹੁਤ ਗਿਆਨ ਹੈ ਅਤੇ ਇਸ ਦੇ ਹੁੰਦਿਆਂ ਹੋਇਆਂ ਵੀ ਜੇਕਰ ਮੈਂ ਇਸ ਉਪੱਰ ਅਮਲ ਕਰਨ ਵਾਲਾ ਨਹੀਂ ਤਾਂ ਫਿਰ ਇਹ ਬਹੁਤ ਬੁਰੀ ਗੱਲ ਹੈ । ਸੋ, ਲੜਾਈ ਵਿਚਕਾਰ ਜੱਦ ਆਪਦਾ ਸਜੱਾ ਹੱਥ ਕੱਟ ਕਿਆ ਗਿਆ ਤਾਂ ਆਪਨੇ ਆਪਣੇ ਖੱਬੇ ਹੱਥ ਵਿੱਚ ਝੰਡਾ ਫੜੀ ਰੱਖਿਆ ਅਤੇ ਜੱਦ ਖਬੱਾ ਹੱਥ ਵੀ ਕੱਟ ਗਿਆ ਤਾਂ ਝੰਡੇ ਨੂੰ ਗਰਦਨ ਵਿੱਚ ਦਬਾ ਲਿਆ ਅਤੇ ਇਹ ਪੜ੍ਹਨ ਲੱਗੇ ਕਿ وَمَا مُحَمَّدٌ اِلَّا رَسُوۡلٌ ۔ وَكَاَيِّنۡ مِّنۡ نَّبِىٍّ قٰتَلَ ۙ مَعَهٗ رِبِّيُّوۡنَ كَثِيۡرٌ ਅਰਥਾਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਕੇਵਲ ਇਕ ਰੱਬ ਦੇ ਰਸੂਲ ਹਨ । ਅਤੇ ਕਿੰਨ੍ਹੇ ਹੀ ਨਬੀ ਸਨ ਜਿੰਨ੍ਹਾ ਨਾਲ ਮਿਲਕੇ ਬਹੁਤ ਸਾਰੇ ਰਬੱਾਨੀ ਲੋਕਾਂ ਨੇ ਕਤਲ ਕੀਤੇ । ਜੱਦ ਹਜ਼ਰਤ ਸਾਲਮ ਡਿੱਗ ਗਏ ਤਾਂ ਸਾਥੀਆਂ ਨੇ ਪੁੱਛਿਆ ਕਿ ਅਬੂ ਹੁਜ਼ਫ਼ਾ

ਦਾ ਕੀ ਹਾਲ ਹੈ । ਲੋਕਾਂ ਨੇ ਉਤੱਰ ਦਿਤੱਾ ਕਿ ਉਹ ਸ਼ਹੀਦ ਹੋ ਗਏ ਹਨ ਫਿਰ ਇਕ ਹੋਰ ਵਿਅਕਤੀ ਦਾ ਨਾਂ ਲੈਕੇ ਪੁੱਛਿਆ ਕਿ ਉਸ ਨੇ ਕੀ ਕੀਤਾ ਤਾਂ ਉਤੱਰ ਮਿਲਿਆ ਕਿ ਉਹ ਵੀ ਸ਼ਹੀਦ ਹੋ ਗਏ ਹਨ । ਇਸ'ਤੇ ਹਜ਼ਰਤ ਸਾਲਮ ਨੇ ਕਿਹਾ ਕਿ ਮੈਨੂੰ ਉਹਨਾਂ ਦੋਹਾਂ ਵਿਚਕਾਰ ਲਿਟਾ ਦਿਓ ਅਤੇ ਆਪ ਵੀ ਸ਼ਹੀਦ ਹੋ ਗਏ । ਹਜ਼ਰਤ ਜ਼ੈਦ ਬਿਨ ਸਾਬਤ ਤੋਂ ਰਿਵਾਇਤ ਹੈ ਕਿ ਜੱਦ ਹਜ਼ਰਤ ਸਾਲਮ ਸ਼ਹੀਦ ਹੋ ਗਏ ਤਾਂ ਲੋਕ ਕਹਿੰਦੇ ਸਨ ਕਿ ਸੰਭਵਤਾ ਕੁਰਆਨ ਕਰੀਮ ਦਾ ਇਕ ਚੋਥਾਈ ਹਿਸੱਾ ਚਲਾ ਗਿਆ ਅਰਥਾਤ ਜਿੰਨ੍ਹਾ ਚਾਰ ਓਲਮਾ (ਵਿਦਵਾਨਾ) ਦੇ ਨਾਂ ਹਜ਼ਰਤ ਮੁਮਹੱਦ ਸਲਲੱਾਹੁ ਆਲੈਹਿ ਵਸਲਮ ਨੇ ਲਿਆ ਸੀ ਕਿ ਇਹਨਾਂ ਤੋਂ ਕੁਰਆਨ ਸਿੱਖੋ ਉਹਨਾ ਵਿੱਚੋਂ ਇਕ ਚਲਾ ਗਿਆ ।

ਅਗਲੇ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਤਬਾਨ ਬਿਨ ਮਾਲਕ ਹੈ । ਆਪ ਦਾ ਸੰਬੰਧ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਾਲਮ ਬਿਨ ਔਫ਼ ਨਾਲ ਸੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪਦੀ ਅਤੇ ਹਜ਼ਰਤ ਉਮਰ ਵਿਚਕਾਰ ਭਾਈਬੰਦੀ ਕਰਾਈ । ਆਪ ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਜੀਵਨ ਕਾਲ ਵਿੱਚ ਆਪਦੀ ਦ੍ਰਿਸ਼ਟੀ ਜਾਂਦੀ ਰਹੀ ਸੀ । ਆਪ ਦੀ ਵਫ਼ਾਤ ਹਜ਼ਰਤ ਮੁਆਵੀਆਹ ਦੇ ਦੌਰੇ ਹੁਕੂਮਤ ਵਿੱਚ ਹੋਈ । ਇਕ ਰਿਵਾਇਤ ਵਿੱਚ ਹੈ ਕਿ ਜੱਦ ਹਜ਼ਰਤ ਅਤਬਾਨ ਬਿਨ ਮਾਲਕ ਦੀ ਦ੍ਰਿਸ਼ਟੀ ਚਲੀ ਗਈ ਤਾਂ ਆਪ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਨਮਾਜ਼ ਬਾ ਜਮਾਤ ਤੋਂ ਵਖੱਰਤਾ ਦੀ ਆਗਿਆ ਮੰਗੀ । ਆਪ ਨੇ ਫ਼ਰਮਾਇਆ ਕਿ ਕੀ ਤੁਸੀਂ ਅਜ਼ਾਨ ਦੀ ਅਵਾਜ਼ ਸੁਣਦੇ ਹੋ ਹਜ਼ਰਤ ਅਤਬਾਨ ਨੇ ਕਿਹਾ ਜੀ ਹਾਂ । ਇਸ'ਤੇ ਰਸੂਲੁਲੱਾਹ ਸਲਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਇਸ ਦੀ ਆਗਿਆ ਨਹੀਂ ਦਿੱਤੀ । ਸਹੀ ਬੁਖ਼ਾਰੀ ਦੀ ਰਿਵਾਇਤ ਤੋਂ ਪਤਾ ਲਗੱਾਦਾ ਹੈ ਕਿ ਬਾਦ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਤਬਾਨ ਨੂੰ ਇਸ ਸ਼ਰਤ'ਤੇ ਘਰ ਵਿੱਚ ਨਮਾਜ਼ ਪੜ੍ਹਨ ਦੀ ਆਗਿਆ ਦਿੱਤੀ ਕਿ ਜਿੱਥੇ ਉਹ ਨਮਾਜ਼ ਪੜ੍ਹਨ ਉਸ ਥਾਂ ਨਮਾਜ਼ ਜਮਾਤ ਨਾਲ ਹੋਵੇ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਤਬਾਨ ਦੀ ਬੇਨਤੀ ਉਪੱਰ ਉਹਨਾ ਦੇ ਘਰ ਜਾਕੇ ਇਕ ਥਾਂ ਨਮਾਜ਼ ਪੜ੍ਹੀ ਅਤੇ ਉਸ ਥਾਂ ਨੂੰ ਨਮਾਜ਼ ਬਾ ਜਮਾਤ ਲਈ ਵਿਸ਼ੇਸ਼ ਕਰ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਏਥੇ ਵੀ ਦੂਰੀਆਂ ਬਹੁਤੀਆਂ ਹਨ, ਸਵਾਰੀ ਨਹੀਂ ਹੈ, ਸਮਾਂ ਨਹੀਂ ਹੁੰਦਾ ਤਾਂ ਅਹਮਦੀਆਂ ਨੂੰ ਚਾਹੀਦਾ ਹੈ ਕਿ ਆਪਣੇ ਘਰਾਂ ਵਿੱਚ ਨਮਾਜ਼ ਸੈਂਟਰ ਬਨਾਉਣ ਅਤੇ ਗੁਆਂਢੀ ਇਕੱਠੇ ਹੋਕੇ ਓਥੇ ਨਮਾਜ਼ ਜਾਮਤ ਨਾਲ ਪੜ੍ਹਿਆ ਕਰਨ । ਅਲੱਾਹ ਤਆਲਾ ਸਾਰਿਆਂ ਨੂੰ ਇਹਨਾ ਆਦੇਸ਼ਾਂ ਉਪੱਰ ਅਮਲ ਕਰਨ ਦੀ ਤੋਫ਼ੀਕ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਫ਼ੌਤ ਹੋ ਚੁਕਿਆਂ ਬਾਰੇ ਕੁਝ ਦਸੱਾਂਗਾ ਜਿੰਨ੍ਹਾ ਦੀ ਨਮਾਜ਼ ਜਨਾਜ਼ਾ ਪੜ੍ਹਾਈ ਜਾਵੇਗੀ । ਪਹਿਲੇ ਹਨ ਮੁਕਰੱਮ ਗ਼ੁਲਾਮ ਮਸੁਤਫ਼ਾ ਆਵਾਨ ਸਾਹਬ ਰਬਵਾਹ ਦੇ, **16** ਮਾਰਚ ਨੂੰ **78** ਸਾਲ ਦੀ ਉਮਰ ਵਿੱਚ ਵਫ਼ਾਤ ਹੋਈ । اناللهواناالیہراجعون । ਰੱਬ ਦੀ ਮਿਹਰ ਨਾਲ ਪੈਦਾਇਸ਼ੀ ਅਹਮਦੀ ਸਨ । ਇਹਨਾ ਦੇ ਪਰਿਵਾਰ ਵਿੱਚ ਆਪਦੇ ਦਾਦਾ ਦੀਵਾਨ ਬਖ਼ਸ਼ ਸਾਹਬ ਰਾਹੀਂ ਆਈ । ਮਰਹੂਮ ਪੰਜ ਵੇਲੇ ਦੀਆਂ ਨਮਾਜ਼ਾਂ ਦੇ ਪਾਬੰਦ, ਤਹਜੁੱਦ ਪੜ੍ਹਨ ਵਾਲੇ, ਸੰਜਮੀ, ਹਮਦਰਦ, ਖ਼ੈਰਖ਼ਵਾਹ ਅਤੇ ਮਿਲਨਸਾਰ ਵਿਅਕਤੀ ਸਨ, ਸਾਦੇ ਸੁਭਾਵ ਦੇ ਮਾਲਕ ਸਨ, ਬਹੁਤ ਦੁਆਵਾਂ ਕਰਨ ਵਾਲੇ ਮਹਿਮਾਨ ਨਵਾਜ਼, ਗਰੀਬਾਂ ਦੀ ਦੇਖਰੇਖ ਕਰਨ ਵਾਲੇ ਤੇ

ਮਿਹਰ ਕਰਨ ਵਾਲੇ ਸਨ । ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦੇਣ ਵਾਲੇ ਨੇਕ ਭਲੇ ਇਨਸਾਨ ਸਨ । ਨਿਜ਼ਾਮੇ ਜਮਾਤ ਅਤੇ ਖ਼ਿਲਾਫ਼ਤ ਨਾਲ ਡੂੰਘਾ ਸੰਬੰਧ ਰਖੱਦੇ ਸਨ । ਅਲੱਾਹ ਤਆਲਾ ਮਰਹੂਮ ਦੇ ਦਰਜੇ ਬੁਲੰਦ ਕਰੇ ।

ਦੂਜਾ ਨਮਾਜ਼ ਜਨਾਜ਼ਾ ਮੁਕਰੱਮਾ ਅਮਤੁਲ ਹਈ ਸਾਹਿਬਾ ਸੁਪਤਨੀ ਮੁਹਮੱਦ ਨਵਾਜ਼ ਸਾਹਬ ਕਾਠਗੜ੍ਹੀ ਦਾ ਹੈ ਜਿੰਨ੍ਹਾ ਦੀ ਵਫ਼ਾਤ 15 ਮਾਰਚ ਨੂੰ ਹੋਈ ਹੈ । اناللهواناالیہراجعون । ਅਜੇ ਆਪ ਦੋ ਸਾਲ ਦੀ ਸਨ ਕਿ ਆਪਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਆਪ ਦੇ ਤਾਇਆ ਮੁਹਮੱਦ ਇਬ੍ਰਾਹੀਮ ਸਾਹਬ ਨੇ ਇਹਨਾ ਦੀ ਪਾਲਣਾ ਕੀਤੀ । ਮਰਹੂਮਾ ਪੈਦਾਇਸ਼ੀ ਅਹਮਦੀ ਸਨ । ਇਹਨਾ ਦੇ ਪਰਿਵਾਰ ਵਿੱਚ 1903 ਈ. ਵਿੱਚ ਅਹਮਦੀਅਤ ਆਈ । ਰੱਬ ਦੀ ਮਿਹਰ ਨਾਲ ਮੂਸੀਆ ਸਨ । ਰੱਬ ਨੇ ਇਹਨਾਂ ਨੂੰ ਛੇ ਪੁਤਰਾਂ ਤੇ ਪੰਜ ਪੁਤਰੀਆਂ ਨਾਲ ਨਿਵਾਜਿਆ । ਇਹਨਾ ਦੇ ਪੁਤੱਰ ਹਾਫ਼ਿਜ਼ ਮਹਮੂਦ ਸਾਹਬ ਬਿਆਨ ਕਰਦੇ ਹਨ ਕਿ ਸਾਡੇ ਮਾਤਾ ਪਿਤਾ ਸਾਰਾ ਜੀਵਨ ਸਿਲਸਿਲੇ (ਜਮਾਤ) ਦੀ ਸੇਵਾ ਨੂੰ ਪਹਿਲ ਦਿੰਦੇ ਰਹੇ ਅਤੇ ਸਾਨੂੰ ਜਮਾਤ ਦੇ ਨਿਜ਼ਾਮ ਨਾਲ ਅਤੇ ਖ਼ਿਲਾਫ਼ਤ ਨਾਲ ਜੁੜੇ ਰਹਿਣ ਅਤੇ ਜਮਾਤ ਨਾਲ ਨਮਾਜ਼ ਪੜ੍ਹਨ ਲਈ ਹਰ ਸਮੇਂ ਹਰ ਕੁਰਬਾਨੀ ਲਈ ਤਿਆਰ ਰਹਿੰਦੇ ਸਨ । ਅਲੱਾਹ ਤਆਲਾ ਇਹਨਾ ਦੇ ਦਰਜੇ ਬੁਲੰਦ ਕਰੇ, ਬਖ਼ਸ਼ਿਸ਼ ਦਾ ਸਲੂਕ ਕਰੇ ਅਤੇ ਇਹਨਾ ਦੀ ਸੰਤਾਨ ਨੂੰ ਅਤੇ ਨਸਲਾਂ ਨੂੰ ਵੀ ਇਹਨਾ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 29.03.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131